Ontario

MINISTRY OF EDUCATION




ontario.ca/abc123

## 3.0 10 ਪੜ੍ਹਨ ਲਈ ਗੁਰ

ਸਿਰਲੇਖ : ਤੁਹਾਡੇ ਬੱਚੇ ਲਈ ਪੜ੍ਹਨ ਵਿਚ ਮਦਦਗਾਰ 10 ਗੁਰ

ਕਾਪੀ :

# ਕਿੰਡਰਗਾਰਟਨ (ਬਾਲਵਾੜੀ) ਤੋਂ ਗ੍ਰੇਡ 3 ਤਕ ਗੁਰ

1. **ਗਲਵਕੜੀ ਵਿਚ ਲੈਣਾ ਅਤੇ ਪੜ੍ਹਨਾ।** ਕੁਝ ਸਮਾਂ ਇਕੱਠੇ ਰਹਿਣ ਦੇ ਮੌਕੇ ਪਿਆਰ ਕਰਨ .... ਤੇ ਪੜ੍ਹਨ ਦੇ ਹੁੰਦੇ ਹਨ। ਗਲਵਕੜੀ ਵਿਚ ਲੈਣਾ ਪੜ੍ਹਨ ਵਾਂਗ ਅਹਿਮ ਹੋ ਸਕਦਾ ਹੈ। ਇਸ ਨੂੰ ਜੋਸ਼ ਭਰਿਆ ਬਣਾਉ: ਆਪਣੀ ਆਵਾਜ਼ ਵਿਚ ਕੁਝ ਨਾਟਕੀ ਅੰਦਾਜ਼ ਪੈਦਾ ਕਰੋ ਜਾਂ ਆਪਣੇ ਬੱਚੇ ਨੂੰ ਹਰ ਦੂਜਾ ਪੰਨਾ ਪੜ੍ਹਨ ਦਿਉ। ਜਿਵੇਂ ਹੀ ਤੁਸੀਂ ਜਾਂਦੇ ਹੋ, ਕੋਈ ਵੀ ਨਵਾਂ ਸ਼ਬਦ ਜਾਂ ਵਿਚਾਰ ਸਮਝਾਉ।

2. **ਇਸ ਵੇਲੇ ਜਨਤਕ ਲਾਇਬ੍ਰੇਰੀਆਂ ਖੋਜ ਲਈ ਸੰਸਾਰ ਹਨ ਇਸ ਲਈ ਇਥੇ ਨਿਯਮਤ ਰੂਪ ਵਿਚ ਜਾਉ।** ਤੁਹਾਡੀ ਲਾਇਬਰੇਰੀ ਅੰਦਰ ਵੱਡੇ ਵਸੀਲੇ ਹਨ — ਕਿਤਾਬਾਂ, ਕੰਪਿਊਟਰ ਖੇਡਾਂ, ਡੀਵੀਡੀਜ਼, ਸੀਡੀਜ਼, ਰਿਸਾਲੇ, ਸਮਾਚਾਰ ਪੱਤਰ ਅਤੇ ਇੰਟਰਨੈੱਟ ਤਕ ਪਹੁੰਚ। ਉਥੇ ਅੰਦਰ ਹੀ ਚੰਗੇਰੇ ਪ੍ਰੋਗਰਾਮ ਵੀ ਹੁੰਦੇ ਹਨ ਜਿਵੇਂ ਕਿ ਛੋਟੇ ਬੱਚਿਆਂ ਲਈ ਪੜ੍ਹਾਈ ਦੇ ਸਾਧਨ ਅਤੇ ਵੱਡੇ ਬੱਚਿਆਂ ਲਈ ਕੰਮ ਕਰਨ ਦੇ ਕਲੱਬ। ਜੇਕਰ ਤੁਹਾਡੀ ਜਨਤਕ ਲਾਇਬਰੇਰੀ ਤੱਕ ਪਹੁੰਚ ਹੈ ਤਾਂ ਆਪਣੇ ਲਾਇਬਰੇਰੀਅਨ ਨਾਲ ਉਥੇ ਕੀ ਉਪਲਬਧ ਹੈ ਬਾਰੇ ਗੱਲਬਾਤ ਕਰੋ।

3. **ਆਪਣੀ ਰਸੋਈ ਨੂੰ ''ਪੜ੍ਹਾਈ ਦਾ ਖੇਤਰ' ਬਣਾਉ''।** ਫਰਿਜ ਮੈਗਨੇਟਸ ਨੂੰ ਉਪਲਬਧ ਰੱਖੋ ਤਾਂਜੋ ਬੱਚੇ ਲਫ਼ਜ਼ ਤੇ ਛੋਟੇ ਵਾਕ ਬਣਾਉਣੇ ਆਰੰਭ ਕਰ ਦੇਣ।

4. **ਸ਼ਬਦ ਹਰ ਪਾਸੇ ਹਨ - ਹਰ ਰੋਜ਼ ਦੇ ਮੌਕਿਆਂ ਉਤੇ ਆਪਣੇ ਬੱਚੇ ਨਾਲ ਪੜ੍ਹਨਾ ਸ਼ੁਰੂ ਕਰੋ** - ਤੁਹਾਡੇ ਬੱਚੇ ਦੀ ਦੁਨੀਆਂ ਸ਼ਬਦਾਂ ਨਾਲ ਭਰੀ ਹੋਈ ਹੈ - ਅਨਾਜ ਦੇ ਡੱਬਿਆਂ ਉਤੇ, ਗਲੀਆਂ ਦੇ ਨਿਸ਼ਾਨ, ਸਟੋਰ, ਇਸ਼ਤਿਹਾਰ, ਹੇਠਲੇ ਰਸਤੇ ਦੇ ਇਸ਼ਤਿਹਾਰ, ਆਦਿ। ਜਿਥੇ ਵੀ ਤੁਸੀਂ ਜਾਉ ਉਥੇ ਤੁਹਾਨੂੰ ਹਮੇਸ਼ਾ ਨਵੇਂ ਸ਼ਬਦ ਮਿਲਣਗੇ ਅਤੇ ਤੁਸੀਂ ਉਨ੍ਹਾਂ ਵੱਲ ਇਸ਼ਾਰਾ ਕਰੋ।

5. **ਖੇਡਾਂ ਸਿਖਲਾਈ ਦੇ ਵੱਡੇ ਸਾਧਨ ਹੋ ਸਕਦੀਆਂ ਹਨ।** ਬੋਰਡ ਦੀਆਂ ਖੇਡਾਂ ਜਾਂ ਕਾਰਡ ਦੀਆਂ ਖੇਡਾਂ ਜਿਵੇਂ ਕਿ ਸ਼ਬਦ ਬਿੰਗੋ, ਜਾਂ ਯਾਦ-ਸ਼ਕਤੀ ਅਤੇ ਤੁਕਬੰਦੀ ਦੇ ਕਾਰਡ ਸ਼ਬਦਾਂ, ਅੱਖਰਾਂ ਦੀ ਆਵਾਜ਼ ਅਤੇ ਪੜ੍ਹਾਈ ਲਈ ਚੰਗੇ ਤਰੀਕੇ ਹੋ ਸਕਦੇ ਹਨ। ਇਹ ਬੱਚਿਆਂ ਨੂੰ ਇਹ ਅਨੁਭਵ ਕਰਨ ਵਿਚ ਮਦਦ ਕਰਦੇ ਹਨ ਕਿ ਸਿੱਖਣਾ ਕਿੰਨਾ ਜੋਸ਼ ਭਰਿਆ ਹੋ ਸਕਦਾ ਹੈ। ਸਹਿਜ ਇਸਤੇਮਾਲ ਵਾਲੀਆਂ ਖੇਡਾਂ ਲਈ ਆਪਣੇ ਸਥਾਨਕ ਸਕੂਲ ਦੇ ਮੇਲੇ ਜਾਂ ਪੁਰਾਣੇ (ਸੈਕੰਡ ਹੈਂਡ) ਸਟੋਰ ਨੂੰ ਵੇਖੋ। ਤੁਸੀਂ ਤਸਵੀਰਾਂ ਕੱਟ ਕੇ, ਕਾਰਡਾਂ ਉਤੇ ਸ਼ਬਦ ਲਿਖ ਕੇ ਅਤੇ ਆਪਣੇ ਬੱਚਿਆਂ ਨੂੰ ਉਨ੍ਹਾਂ ਨਾਲ ਮਿਲਾ ਕੇ ਆਪ ਵੀ ਰਚ ਸਕਦੇ ਹੋ।

6. **ਕੰਪਿਊਟਰ ਦੋਸਤੀ ਦਾ ਸਾਧਨ ਹਨ** - ਭਾਵੇਂ ਕਿ ਕਈ ਲੋਕਾਂ ਨੂੰ ਚਿੰਤਾ ਹੁੰਦੀ ਹੈ ਕਿ ਬੱਚੇ ਬਹੁਤ ਸਾਰਾ ਸਮਾਂ ਕੰਪਿਊਟਰ ਉਤੇ ਬਿਤਾਉਂਤੇ ਹਨ, ਕੁਝ ਅਜਿਹੀਆਂ ਖੇਡਾਂ ਹਨ ਜਿਹੜੀਆਂ ਕਿ ਬੱਚਿਆਂ ਨੂੰ ਪੜ੍ਹਨ ਅਤੇ ਆਪਣੀਆਂ ਕਹਾਣੀਆਂ ਰਚਨ ਵਿਚ ਮਦਦ ਕਰਦੀਆਂ ਹਨ। ''ਮਾਂ-ਬਾਪ ਵਲੋਂ ਪ੍ਰਵਾਨਤ" ਨੂੰ ਸਟੋਰਾਂ ਅਤੇ ਲਾਇਬਰੇਰੀਆਂ ਵਿਚ ਪੈਕੇਜ ਉਤੇ ਵੇਖੋ। ਬੱਚਿਆਂ ਦੀ ਮਿੱਤਰਤਾ ਵਾਲੀਆਂ ਕੁਝ ਵੈੱਬਸਾਈਟਾਂ ਲੱਭੋ ਜਿਵੇਂ ਕਿ TVOKids ਅਤੇ Canadian Geoillustrated for Kids, ਜਿਨ੍ਹਾਂ ਵਿਚ ਉਹ ਖੇਡਾਂ ਹਨ ਜਿਹੜੀਆਂ ਕਿ ਤੁਸੀਂ ਬੱਚਿਆਂ ਨਾਲ ਖੇਡ ਸਕਦੇ ਹੋ।

7. **ਕਿਤਾਬਾਂ ਸਰਵੋਤਮ ਤੋਹਫ਼ਾ ਹਨ।** ਆਪਣੇ ਪਰਿਵਾਰ ਅਤੇ ਮਿੱਤਰਾਂ ਨੂੰ ਇਕ ਖਿਡੌਣੇ ਦੀ ਬਜਾਇ ਇਕ ਕਿਤਾਬ ਤੋਹਫ਼ਾ ਦੇਣ ਲਈ ਕਹੋ। ਆਪਣੇ ਬੱਚੇ ਦੀ ਪੜ੍ਹਾਈ ਪੱਧਰ ਤੇ ਰੁਚੀਆਂ ਬਾਰੇ ਉਨ੍ਹਾਂ ਨੂੰ ਦੱਸਣਾ ਯਕੀਨੀ ਬਣਾਉ। ਘਰ ਦੀ ਲਾਇਬਰੇਰੀ ਬਣਾਉਣ ਵਾਸਤੇ ਗੈਰਾਜ਼ ਵਿਕਰੀ ਤੇ ਸਕੂਲ ਮੇਲਿਆਂ ਉਤੇ ਲਗਭਗ ਨਵੀਆਂ ਕਿਤਾਬਾਂ ਲੱਭੋ।

8. **ਰਸਾਲਿਆਂ ਨੂੰ ਚੰਦਾ ਭੇਜੋ।** ਡਾਕ ਨੂੰ ਪ੍ਰਾਪਤ ਕਰਨ ਦੇ ਬਦਲੇ ਹੋਰ ਕੋਈ ਜੋਸ਼ ਭਰਿਆ ਕੰਮ ਨਹੀਂ ਹੋ ਸਕਦਾ। ਆਪਣੇ ਬੱਚਿਆਂ ਨੂੰ ਆਪਣੀ ਉਮਰ ਮੁਤਾਬਕ ਆਪਣੇ ਮਨਪਸੰਦ ਰਸਲੇ ਨੂੰ ਲਗਾਉਣ ਦਿਉ ਅਤੇ ਵੇਖੋ ਕਿ ਨਵੇਂ ਅੰਕ ਦੇ ਆਉਣ ਨਾਲ ਉਨ੍ਹਾਂ ਦੀਆਂ ਅੱਖਾਂ ਕਿਵੇਂ ਚਮਕ ਜਾਂਦੀਆਂ ਹਨ। ਛੋਟੇ ਬੱਚਿਆਂ ਲਈ ਵੱਡੇ ਰਿਸਾਲਿਆਂ ਵਿਚ *Chirp*® ਅਤੇ *Chickadee*® ਸ਼ਾਮਿਲ ਹਨ।

9. **ਪੜ੍ਹਨ ਲਈ ਆਦਰਸ਼ ਬਣੋ।** ਜਦੋਂ ਤੁਹਾਡੇ ਬੱਚੇ ਤੁਹਾਨੂੰ ਪੜ੍ਹਦਾ ਵੇਖਦੇ ਹਨ, ਉਹ ਤੁਹਾਡੀ ਰੀਸ ਕਰਨਾ ਚਾਹੁਣਗੇ। ਇਹ ਸਮਝਣ ਵਿਚ ਉਨ੍ਹਾਂ ਨੂੰ ਦੇਰ ਨਹੀਂ ਲਗੇਗੀ ਕਿ ਪੜ੍ਹਨਾ ਇਕ ਮਜ਼ੇਦਾਰ, ਦਿਲਚਸਪ, ਅਤੇ ਇਕ "ਵੱਡੀ ਚੀਜ਼" ਨੂੰ ਮਾਣਨਾ ਹੈ।

10. **ਕਿਤਾਬਾਂ, ਰਿਸਾਲਿਆਂ ਅਤੇ ਸਮਾਚਾਰ ਪੱਤਰਾਂ ਨੂੰ ਨੇੜੇ ਰੱਖੋ।** ਰਸੋਈ ਜਾਂ ਰਿਹਾਇਸ਼ੀ ਕਮਰੇ ਵਿਚ ਇਕ ਬਕਸਾ ਛੇਤੀ ਪਹੁੰਚ ਲਈ ਰੱਖੋ। ਪਹੁੰਚ ਤੋਂ ਬਾਦ ਦਾ ਫਿਕਰਾ ਲੋੜ ਮਹਿਸੂਸ ਹੋਣ ਉਤੇ ਉਨ੍ਹਾਂ ਨੂੰ ਖਿੱਚਿਆ ਜਾ ਸਕਦਾ ਹੈ।

ਇਕ ਵਿਸ਼ੇਸ਼ ਨੋਟ : ਵਿੱਦਿਆ ਗਿਆਨੀ ਇਹ ਮੰਨਦੇ ਹਨ ਕਿ ਪੜ੍ਹਾਈ ਦੀ ਕੁਸ਼ਲਤਾ ਬਹੁਤ ਸਾਰੀਆਂ ਗਤੀਵਿਧੀਆਂ ਕਾਰਨ ਵਧਦੀ ਹੈ। ਮਿਸਾਲ ਵਜੋਂ, ਇਕ ਬੱਚੇ ਦੇ ਅੱਖਰ ਬੋਧ ਦੀ ਕੁਸ਼ਲਤਾ ਵਿਚ ਵਾਧਾ ਹੁੰਦਾ ਹੈ ਜਦੋਂ ਮਾਂ-ਬਾਪ ਜੋ ਕਿ ਇਕ ਸਰਕਾਰੀ ਕੈਨੇਡੀਅਨ ਭਾਸ਼ਾ ਨਹੀਂ ਬੋਲਦੇ ਆਪਣੀ ਮਾਤ-ਭਾਸ਼ਾ ਵਿਚ ਆਪਣੇ ਬੱਚਿਆਂ ਨੂੰ ਪੜ੍ਹ ਕੇ ਸੁਣਾਉਣ। ਬੱਚਿਆਂ ਨੂੰ ਇਸ ਪੜ੍ਹਾਈ ਦੇ ਤਜਰਬੇ ਤੋਂ ਲਾਭ ਹੋਵੇਗਾ।

ਆਪਣੇ ਬੱਚੇ ਦੀ ਪੜ੍ਹਨ ਵਿਚ ਹੋਰ ਮਦਦ ਲਈ ਜਾਣਕਾਰੀ ਅਤੇ ਗੁਰਾਂ ਵਾਸਤੇ ਆਪਣੇ ਬੱਚੇ ਨੂੰ ਪੜ੍ਹਨ ਦੀ ਸਿਖਲਾਈ: ਮਾਂ-ਬਾਪ ਲਈ ਗਾਈਡ (Helping Your Child Learn to Read: A Parent’s Guide) ਡਾਊਨਲੋਡ ਕਰੋ

© Queen's Printer for Ontario, 2007